# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ , ਪੰਜਾਬ

ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),

ਸਮੂਹ SOE ਸਕੂਲ ਮੁੱਖੀ,

ਪੰਜਾਬ।

ਮੀਮੋ ਨੰ : SCERT-EXAM0GENL/7/2023-SDP-SCERT/615441/93-94/623-624

ਮਿਤੀ : ਐਸ.ਏ.ਐਸ ਨਗਰ, 09 -07-2024

**ਵਿਸ਼ਾ:- ਅਕਾਦਮਿਕ ਸਾਲ 2024-25 ਲਈ School of Eminence (SOE) ਵਿੱਚ 11ਵੀਂ ਜਮਾਤ ਵਿੱਚ ਦਾਖਲੇ ਅਤੇ ਕਾਊਂਸਲਿੰਗ ਹਿੱਤ ਹਦਾਇਤਾਂ ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸਾਲ 2024-25 ਲਈ 118 School of Eminence (SOE) ਵਿੱਚ 11ਵੀ ਜਮਾਤ ਵਿੱਚ ਦਾਖਲੇ ਸੰਬੰਧੀ ਮਿਤੀ 30-03-2024 ਨੂੰ ਪ੍ਰੀਖਿਆ ਕਰਵਾਈ ਗਈ ਸੀ, ਜਿਸ ਦਾ ਨਤੀਜਾ ਮਿਤੀ 27-04-2024 ਨੂੰ ਘੋਸ਼ਿਤ ਕੀਤਾ ਗਿਆ ਹੈ।

2.0 118 SOE ਸਕੂਲਾਂ ਵਿੱਚ 11ਵੀਂ ਜਮਾਤ ਵਿੱਚ ਦਾਖਲੇ ਲਈ ਕਾਊਂਸਲਿੰਗ ਮਿਤੀ 15-05-2024 ਤੋਂ 30-05-2024 ਤੱਕ ਹਰੇਕ SOE ਸਕੂਲ ਵਿਖੇ ਕੀਤੀ ਗਈ ਸੀ।

3.0 ਕਾਊਂਸਲਿੰਗ ਦੌਰਾਨ ਹੋਏ ਦਾਖਲਿਆਂ ਤੋਂ ਬਾਅਦ SOE ਸਕੂਲਾਂ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਨਿਮਨ-ਅਨੁਸਾਰ ਸੀਟਾਂ ਖਾਲੀ ਹਨ :-

| | For Govt. School Candidates | | | | | | For Pvt. School Candidates | | | | | | Grand Total |
|---|---|---|---|---|---|---|---|---|---|---|---|---|---|
| | Gen. | EWS | BC | SC | PH | Govt. Total | Gen. | EWS | BC | SC | PH | Pvt. Total | |
| Allotted Seats | 5776 | 1128 | 1136 | 2832 | 456 | **11328** | 1924 | 380 | 380 | 944 | 148 | **3776** | **15104** |
| Filled Seats | 4789 | 36 | 695 | 1887 | 12 | **7419** | 1155 | 17 | 147 | 305 | 01 | **1625** | **9044** |
| Vacant seats | 987 | 1092 | 441 | 945 | 444 | **3909** | 769 | 363 | 233 | 639 | 147 | **2151** | **6060** |

4.0 SOE ਸਕੂਲਾਂ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਉਕਤ ਦਰਸਾਈਆਂ ਖਾਲੀ ਸੀਟਾਂ ਨੂੰ ਨਿਮਨ-ਅਨੁਸਾਰ ਭਰਿਆ ਜਾਵੇ:-

i. ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਲਈ ਜੇਕਰ ਉਸ SOE ਸਕੂਲ ਦਾ ਕੋਈ ਵੀ ਕੁਆਲੀਫਾਈ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਨਾਲ ਲਗਦੇ SOE ਸਕੂਲਾਂ/ ਨਾਲ ਲਗਦੇ ਜਿਲ੍ਹੇ ਦੇ SOE ਸਕੂਲਾਂ ਦੇ ਉਸੇ ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਵਿੱਚੋਂ ਇਹ ਖਾਲੀ ਸੀਟਾਂ ਭਰਨ ਸੰਬੰਧੀ ਕਾਰਵਾਈ ਕੀਤੀ ਜਾਵੇ।

ii. ਸਰਕਾਰੀ/ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕੈਟਾਗਿਰੀ ਦੀਆਂ ਖਾਲੀ ਸੀਟਾਂ ਨੂੰ ਪ੍ਰਾਈਵੇਟ/ਸਰਕਾਰੀ ਸਕੂਲਾਂ ਦੇ ਉਸੇ ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਦਿੱਤੀਆ ਜਾਣ, ਜਿਸ

ਕੈਟਾਗਿਰੀ ਲਈ ਸਰਕਾਰੀ/ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਉਦਾਹਰਨ ਲਈ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ General, SC, EWS ਅਤੇ PH ਕੈਟਾਗਿਰੀ ਦੀਆਂ ਖਾਲੀ ਸੀਟਾਂ ਨੂੰ ਸਰਕਾਰੀ/ਪ੍ਰਾਈਵੇਟ ਸਕੂਲਾਂ ਦੇ ਕ੍ਰਮਵਾਰ General, SC, EWS ਅਤੇ PH ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਹੀ ਦਿੱਤੀਆ ਜਾਣ।

iii. ਜੇਕਰ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਲਈ ਉਸ ਸਕੂਲ ਦਾ ਜਾਂ ਨਾਲ ਲਗਦੇ ਸਕੂਲ ਦਾ ਜਾਂ ਨਾਲ ਲਗਦੇ ਜਿਲ੍ਹੇ ਦਾ ਕੋਈ ਵੀ ਕੁਆਲੀਫਾਈ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਕੁੱਲ ਖਾਲੀ ਸੀਟਾਂ ਵਿੱਚੋਂ 20% ਸੀਟਾਂ ਜਨਰਲ ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ, 54% ਸੀਟਾਂ SC ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ ਅਤੇ 26%ਸੀਟਾਂ BC ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ ਦੇ ਦਿੱਤੀਆਂ ਜਾਣ। ਸੀਟਾਂ ਭਰਨ ਸਮੇਂ ਵਿਦਿਆਰਥੀਆਂ ਦੀ ਮੈਰਿਟ ਦਾ ਧਿਆਨ ਰੱਖਿਆ ਜਾਵੇ।

5.0 ਹਰੇਕ SOE ਸਕੂਲ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦੀਆਂ ਸਾਰੀਆਂ ਸੀਟਾਂ ਮਿਤੀ 15-07-2024 ਤੱਕ ਭਰ ਲਈਆਂ ਜਾਣ।

ਡਾਇਰੈਕਟਰ,

ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/95-99/625-629 ਮਿਤੀ:- ਐਸ.ਏ.ਐਸ. ਨਗਰ, 09-07-2024

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
5. ਸਮੂਹ ਸਕੂਲ ਮੁੱਖੀਆਂ ਨੂੰ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਉਤਸ਼ਾਹਿਤ ਕਰਨ ਅਤੇ ਦਾਖਲਾ ਲੈਣ ਹਿੱਤ ਹਦਾਇਤ ਕੀਤੀ ਜਾਂਦੀ ਹੈ। ਕੋਈ ਸਕੂਲ ਮੁੱਖੀ ਜੇਕਰ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਤੋਂ ਰੋਕਣ ਦਾ ਯਤਨ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਆਰੰਭੀ ਜਾਵੇਗੀ।

ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।